# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)


ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34 ਏ, ਚੰਡੀਗੜ੍ਹ

| **ਟੈਲੀਫੋਨ** | **ਫੈਕਸ** | **ਈ-ਮੇਲ** |
|---|---|---|
| 2621104 | 2624687 | ssa.punjab@yahoo.co.in |
| 2621106 | 2623206 | ssa.punjab_egs@yahoo.co.in |
| 2623207 | | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ: SSA/EGS/AIE/OoSC/2009-10/2847-2867
ਮਿੱਤੀ ਚੰਡੀਗੜ੍ਹ: 22-01-2010

**ਵਿਸ਼ਾ:- ਏ.ਆਈ.ਈ ਕੇਂਦਰਾਂ ਦੇ ਬੱਚਿਆਂ ਨੂੰ ਅਰਬਨ ਡਿਪਰਾਇਵ ਫੰਡਾਂ (UDC) ਅਧੀਨ Exposure Visit ਕਰਵਾਉਣ ਲਈ ਦਿਸ਼ਾ ਨਿਰਦੇਸ਼।**

**1.0** ਮਿੱਤੀ 15-01-10 ਨੂੰ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮਹੀਨਾਵਾਰ ਰੀਵਿਊ ਮੀਟਿੰਗ ਦੌਰਾਨ ਲਏ ਗਏ ਫੈਸਲੇ ਅਨੁਸਾਰ ਰਾਜ ਦੇ ਸਮੂਹ ਏ.ਆਈ.ਈ ਕੇਂਦਰਾਂ ਦੇ ਬੱਚਿਆਂ ਨੂੰ ਅਰਬਨ ਡਿਪਰਾਇਵ ਫੰਡਾ ਅਧੀਨ Exposure Visit ਕਰਵਾਇਆ ਜਾਣਾ ਹੈ। ਇਸ ਵਿਜ਼ਟ ਨੂੰ ਕਰਵਾਉਣ ਲਈ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:-

1) Exposure Visit ਕੇਵਲ ਏ.ਆਈ.ਈ ਕੇਂਦਰਾਂ ਵਿਚ ਪੜ੍ਹਦੇ ਬੱਚਿਆਂ ਨੂੰ ਹੀ ਕਰਵਾਈ ਜਾਵੇਗੀ ਅਤੇ ਇਹ ਵਿਜ਼ਟ ਜਨਵਰੀ ਜਾਂ ਫਰਵਰੀ ਦੇ ਮਹੀਨੇ ਵਿਚ ਕਰਵਾਉਣੀ ਲਾਜ਼ਮੀ ਹੋਵੇਗੀ। ਇਹ ਵਿਜ਼ਟ ਇੱਕ ਦਿਨ ਵਿਚ ਹੀ ਕੀਤੀ ਜਾਵੇਗੀ।

2) Exposure Visit ਤੇ ਆਉਣ ਵਾਲਾ ਸਮੂਹ ਖਰਚਾ ਅਰਬਨ ਡਿਪਰਾਇਵ ਫੰਡਾਂ ਦੇ ਅਣਵਰਤੇ ਪਏ ਫੰਡਾਂ ਵਿਚੋਂ ਕੀਤਾ ਜਾਵੇਗਾ। (ਅਣਵਰਤੇ ਪਏ UDC ਫੰਡਾਂ ਦੀ ਜ਼ਿਲ੍ਹਾ ਵਾਰ ਸੂਚੀ ਨਾਲ ਨੱਥੀ ਹੈ - ਅਨੁਲਗ `**ੳ**')

3) ਇਸ ਵਿਜ਼ਟ ਨੂੰ ਕਰਵਾਉਣ ਲਈ ਜ਼ਿਹੜੀਆਂ ਵੀ ਬਸਾਂ ਵਰਤੋਂ ਵਿਚ ਲਿਆਉਂਦੀਆਂ ਜਾਣਗੀਆਂ ਉਹਨਾ ਦਾ ਕਿਰਾਇਆ ਅਸਲ ਜਾਂ ਵੱਧ ਤੋਂ ਵੱਧ 70 ਪੈਸੇ ਪ੍ਰਤੀ ਕੀ.ਮੀ. ਪ੍ਰਤੀ ਬੱਚਾ ਜੋ ਵੀ ਘੱਟ ਹੋਵੇ ਦੇ ਹਿਸਾਬ ਨਾਲ ਦਿੱਤਾ ਜਾਵੇ।

4) ਵਿਜ਼ਟ ਕਰਵਾਉਣ ਲਈ ਟ੍ਰਾਸਪੋਰਟੇਸ਼ਨ ਦਾ ਪ੍ਰਬੰਧ ਜ਼ਿਲ੍ਹਾ/ਬਲਾਕ ਵਾਈਜ਼ ਬੱਚਿਆਂ ਦੀ ਗਿਣਤੀ ਅਨੁਸਾਰ ਕੀਤਾ ਜਾਵੇ।

5) ਵਿਜ਼ਟ ਦੌਰਾਨ ਬੱਚਿਆਂ ਨੂੰ ਰਿਫੈਰਸ਼ਮੈਂਟ ਵੀ ਦਿੱਤੀ ਜਾਵੇ ਜਿਸ ਤੇ ਅਸਲ ਜਾਂ ਵੱਧ ਤੋਂ ਵੱਧ 30 ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਖਰਚਿਆ ਜਾਵੇ।

6) ਵਿਜ਼ਟ ਕਰਨ ਵਾਲੀ ਥਾਵਾਂ ਤੇ ਜੇ ਕਰ ਕੋਈ ਐਂਟਰੀ ਫੀਸ ਲਗਦੀ ਹੈ ਤਾਂ ਇਹ ਐਂਟਰੀ ਫੀਸ UDC ਦੇ ਫੰਡਾਂ ਵਿਚੋ ਹੀ ਦਿੱਤੀ ਜਾਵੇ।

7) ਵਿਜ਼ਟ ਤੇ ਜਾਣ ਵਾਲੇ ਹਰ ਬੱਚੇ ਦਾ ਪੂਰਾ ਵੇਰਵਾ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਇਸ ਦਫ਼ਤਰ ਨੂੰ ਭੇਜਿਆ ਜਾਵੇ। (ਅਨੁਲਗ **`ਅ')**

8) ਟ੍ਰਾਂਸਪੋਰਟੇਸ਼ਨ, ਟੋਲਟੈਕਸ, ਰਿਫੈਰਸ਼ਮੈਂਟ ਅਤੇ ਐਂਟਰੀ ਫੀਸ ਆਦਿ ਦੇ ਆਉਣ ਵਾਲੇ ਖਰਚੇ ਦਾ ਅਸਲ ਬਿਲ/ਰਸੀਦਾਂ ਮਾਰਚ ਮਹੀਨੇ ਦੀ ਰੀਵਿਊ ਮੀਟਿੰਗ ਦੌਰਾਨ ਇਸ ਦਫ਼ਤਰ ਵਿਖੇ ਨਾਲ ਲਿਆਂਉਦੇ ਜਾਣ।

9) Exposure Visit ਦਾ ਸਾਰਾ ਪ੍ਰਬੰਧ ਕਰਨ ਦੀ ਜਿੰਮੇਵਾਰੀ ਜ਼ਿ.ਸਿ.ਅ(ਐ.ਸਿ) ਦੀ ਹੀ ਹੋਵੇਗੀ। ਜ਼ਿਲ੍ਹੇ ਦੇ ਏ.ਆਈ.ਈ ਕੋਆਰਡੀਨੇਟਰ/ਸਬੰਧਤ ਬੀ.ਆਰ.ਪੀਜ਼ ਇਸ ਵਿਜ਼ਟ ਤੇ ਬੱਚਿਆਂ ਦੇ ਨਾਲ ਜਾਣਗੇ।

10) ਵਿਜ਼ਟ ਕਰਵਾਉਣ ਲਈ ਬੱਚਿਆਂ ਦੀ ਗਿਣਤੀ ਸਬੰਧਤ ਜ਼ਿਲ੍ਹੇ ਵਿਚ ਪਏ ਅਣਵਰਤੇ UDC ਫੰਡਾਂ ਨੂੰ ਧਿਆਨ ਵਿਚ ਰੱਖਦੇ ਹੋਏ ਨਿਰਧਾਰਤ ਕੀਤੀ ਜਾਵੇ।

11) ਵਿਜ਼ਟ ਕਰਵਾਉਣ ਵਾਲੀਆਂ ਥਾਵਾਂ ਦੀ ਸੂਚੀ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।(ਅਨੁਲਗ **`ੲ')**

12) ਵਿਜ਼ਟ ਦੌਰਾਨ ਲਈਆਂ ਗਈਆਂ ਫੋਟੋਆਂ ਦੀ ਅਸਲ ਕਾਪੀ ਸਬੂਤ ਵਜੋਂ ਇਸ ਦਫ਼ਤਰ ਵਿਖੇ ਜਮਾਂ ਕਰਵਾਉਣਾ ਲਾਜ਼ਮੀ ਹੋਵੇਗਾ।

**2.0** ਉਪਰੋਕਤ ਅਨੁਸਾਰ Exposure Visit ਕਰਵਾਉਣ ਲਈ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ਜੀ।

**3.0** ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ Exposure Visits Urban Deprived Children ਮੱਦ ਅਧੀਨ ਉਪੱਲਬਧ ਫੰਡਾਂ ਤੱਕ ਹੀ ਸੀਮਿਤ ਰੱਖਿਆ ਜਾਵੇ।

-ਸਹੀ-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਐਸ.ਏ, ਪੰਜਾਬ**